# ਭਾਰਤ ਲਈ ਇਕ ਸੂਤਰੀ-ਕਾਰਜ ਪਲਾਨ




## India 1st ਸੰਬੰਧੀ ਕੋਸ਼ਿਸ਼

ਇਸ ਸੈਕਟਰ ਦਾ ਖ਼ਾਸ ਟੀਚਾ ਇਹ ਹੈ ਕਿ ਭਾਰਤ ਅਤੇ ਭਾਰਤੀ ਜਨਤਾ ਦਾ ਸ਼ਾਸਨ, ਪ੍ਰਸ਼ਾਸਨ ਸਹੀ ਢੰਗ ਨਾਲ ਚਲਾਂਦੇ ਹੋਏ ਜਨਤਾ ਨੂੰ ਲਾਭ ਅਤੇ ਸਹੂਲਤ-ਸੇਵਾ ਪ੍ਰਦਾਨ ਕੀਤੀ ਜਾਏ । ਸਰਕਾਰ ਰੋਜ਼ਗਾਰ, ਤਾਲੀਮ, ਸਿਹਤ, ਮਾਲੀ ਵਿਵਸਥਾ ਦੇ ਮੌਕੇ ਪੈਦਾ ਕਰ ਸਕਦੀ ਹੈ ਜੇ ਉਹ ਕੁਸ਼ਲ ਅਤੇ ਵਿਸ਼ਵ ਪੱਧਰ ਦੀ ਹੋਵੇ । ਦੇਸ਼ ਦੀ ਮਾਲੀ ਹਾਲਤ ਦੇ ਸੁਧਾਰਾਂ ਲਈ ਸਰਕਾਰ ਨੂੰ ਰਹਿਨੁਮਾ ਹੋਣਾ ਚਾਹੀਦਾ ਹੈ । ਏਥੇ ਹਰ ਸਾਲ ੨.੮ ਕਰੋੜ ਲੋਕੀਂ ਪੈਦਾ ਹੁੰਦੇ ਹਨ ਅਤੇ ੦.੯ ਕਰੋੜ ਮਰਦੇ ਹਨ ।

**ਕੇਂਦਰ ਅਤੇ ਰਾਜ ਸਰਕਾਰਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ੧.੮ ਕਰੋੜ ਕਰਮਚਾਰੀ ਵਿਸ਼ਵ ਪੱਧਰ ਦੇ ਮਾਪਦੰਡਾਂ ਅਨੁਸਾਰ ਅਤੇ ਬੜੇ ਮਾਹਰ ਹੋਣ** । ਦੇਸ਼ ਦੀ ੧੧੦ ਕਰੋੜ ਜਨਤਾ ਉਨ੍ਹਾਂ ਉੱਤੇ ਨਿਰਭਰ ਰਹਿੰਦੀ ਹੈ ।

### ੧. ਇਸਦਾ ਜਵਾਬ ਹੈ ''ਘਰ ਵਿਚ ਪੈਦਾ'' ਯਾ ਸਵਦੇਸ਼ੀ *ਇਨਸਾਨੀ ਅਸਰਦਾਰ ਪੂੰਜੀ !*

ਮੌਜੂਦਾ ਤੌਰ ਤੇ ਅਸੀਂ ਆਪਣੇ ਦੇਸ਼ ਨੂੰ ਚਲਾਣ ਲਈ, ਆਪਣੇ ਆਮ ਅਤੇ ਖ਼ਾਸ ਖੇਤਰਾਂ ਨੂੰ ਚਲਾਣ ਲਈ ਵੀ ਹਮੇਸ਼ਾ ਆਪਣੀ ਸਭ ਤੋਂ ਵਧੀਆ ਅਤੇ ਸਭ ਤੋਂ ਘੱਟ ਖ਼ਰਚੇ ਵਾਲੀ ''ਸਵਦੇਸ਼ੀ'' ਅਸਰਦਾਰ ਇਨਸਾਨੀ ਪੂੰਜੀ ਦਾ ਇਸਤੇਮਾਲ ਨਹੀਂ ਕਰ ਸਕਦੇ ।

***ਜਦੋਂ ਭਵਿੱਖ ਦੀਆਂ ਪੀੜ੍ਹੀਆਂ ਦੇ ਭਾਰਤੀ ਲੋਕ ਭਾਰਤੀ ਇਤਿਹਾਸ ਪੜਨਗੇ, ਤਾਂ ਇਸ ਕੋਸ਼ਿਸ਼ ਨੂੰ ਇਕ ਐਸਾ ਕਾਰਨ ਮੰਨਿਆ ਜਾਏਗਾ ਜਿਸਨੇ ੧੯੪੭ ਤੋਂ ੨੦੦੨ ਦੇ ਦਰਮਿਆਨ, ੫੫ ਸਾਲ ਤਕ ਭਾਰਤ ਦੀ ਤੇਜ਼ ਤਰੱਕੀ ਵਿਚ ਰੋੜਾ ਅਟਕਾਇਆ !***

*੧੧੦ ਕਰੋੜ ਦੀ ਆਬਾਦੀ, ਪਰ ਅਸੀਂ ਬਿਹਤਰੀਨ ਟੀਮਾਂ ਨਹੀਂ ਬਣਾ ਸਕਦੇ, ਜੋਸਾਡੀ ਸਰਕਾਰ ਨੂੰ ''ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ'' ਚਲਾ ਸਕਣ ।*

**ਵੱਡੀ ਤੋਂ ਵੱਡੀ ਦੌਲਤ ਯਾ ਟੈਕਨਾਲੋਜੀ ਕਦੇ ਵੀ ਅਸਰਦਾਰ ਇਨਸਾਨੀ ਪੂੰਜੀ ਦੀ ਥਾਂ ਨਹੀਂ ਲੈ ਸਕਦੀ ।** ਸੱਚ ਤਾਂ ਇਹ ਹੈ ਕਿ ਅਸਰਦਾਰ ਇਨਸਾਨੀ-ਤਾਕਤ ਵਾਲੀਆਂ ਟੀਮਾਂ ਹੀ ਜਾਣਦੀਆਂ ਹਨ ਕਿ ਅੱਜ ਦੇ ਸਖ਼ਤ ਮੁਕਾਬਲੇ ਵਾਲੇ ਦੌਰ ਵਿਚ ਅਤੇ ਵਿਸ਼ਵ ਪੱਧਰ ਦੇ ਮਾਹੌਲ ਵਿਚ ਬਾਕੀ ਚੀਜ਼ਾਂ ਦਾ ਚੰਗਾ ਇਸਤੇਮਾਲ ਕਿਵੇਂ ਕਰੀਏ । **ਇਸ ਤੋਂ ਉਲਟ ਸੋਚਣਾ ਗਲਤ ਹੈ ।**

### ੨. ਮਾਲੀ ਵਿਵਸਥਾ ਦਾ 'ਇੰਜਣ'

**ਸੰਗਠਤ ਖੇਤਰ (Organised sector)** ਨੂੰ ਭਾਰਤੀ ਮਾਲੀ ਵਿਵਸਥਾ ਦਾ 'ਇੰਜਣ' ਮੰਨਿਆ ਗਿਆ ਹੈ । ਇਹ ਸੈਕਟਰ ਵਿਸ਼ਵ ਪੱਧਰ ਦਾ ਹੋਣਾ ਜ਼ਰੂਰੀ ਹੈ । ਆਮ ਖੇਤਰ (Public sector) ਵਿਚ ਕੁਲ ੧.੮ ਕਰੋੜ ਲੋਕੀਂ ਕੰਮ ਕਰਦੇ ਹਨ ਅਤੇ ਨਿਜੀ ਖੇਤਰ (Private sector) ਵਿਚ ਲਗਭਗ ੯੦ ਲੱਖ ਲੋਕੀਂ । *ਇਸ ਤਰ੍ਹਾਂ ਇਸ ਖੇਤਰ ਵਿਚ ਕੁਲ ੨.੭ ਤੋਂ ੨.੮ ਕਰੋੜ ਲੋਕੀਂ ਨੌਕਰੀ ਕਰਦੇ ਹਨ ।*

ਇਸ ਵਿਵਸਥਾ ਨੂੰ ਜਵਾਬਦੇਹ, ਜ਼ਿੰਮੇਦਾਰ ਹੋਣਾ ਚਾਹੀਦਾ ਹੈ ਅਤੇ ਕਾਰਜ ਕੁਸ਼ਲਤਾ, ਚੰਗੇ ਸ਼ਾਸਨ ਅਤੇ ਚੰਗੇ ਪ੍ਰਸ਼ਾਸਨ ਦਾ **ਇਕ ਆਦਰਸ਼ ਮਾਪਦੰਡ ਹੋਣਾ ਚਾਹੀਦਾ ਹੈ** । ਭਾਰਤ ਦਾ ਸ਼ਾਸਨ ਚਲਾਣ ਲਈ ਕੇਂਦਰ ਅਤੇ ਰਾਜਾਂ ਵਲੋਂ ਪੂੰਜੀ ਅਤੇ ਸਰਕਾਰੀ ਆਮਦਨੀ ਦੇ ਖਾਤਿਆਂ ਉੱਤੇ **www.loksatta.org ਅਨੁਸਾਰ ਰੋਜ਼ਾਨਾ ਰੁ. ੨੩੦੦ ਕਰੋੜ ਖ਼ਰਚਿਆ ਜਾਂਦਾ ਹੈ** । ਭਾਰਤ ਦੀ ਜਨਤਾ ਨੂੰ ਭਰੋਸਾ ਅਤੇ ਤਸੱਲੀ ਮਿਲਣੀ ਚਾਹੀਦੀ ਹੈ ਕਿ ਇਹ ਖ਼ਰਚਾ ਸਹੀ ਢੰਗ ਨਾਲ ਹੋਰਿਹਾ ਹੈ ।

### ੩. ਭਾਰਤੀ ਇਨਸਾਨੀ ਪੂੰਜੀ ਦੀ ਤਾਰੀਫ਼ ਦੁਨੀਆਂ ਭਰ ਵਿਚ ਹੈ, ਪਰ ਦੇਸ਼ ਵਿਚ ਨਹੀਂ !

ਸਾਡੇ ਕੋਲ ਦੁਨੀਆਂ ਦੇ ਕੁਝ ਬਿਹਤਰੀਨ ਇਨਸਾਨੀ ਪੂੰਜੀ ਦੇ ਸ੍ਰੋਤ ਹਨ, ਪਰ ਹੇਠ ਦਸੀਆਂ ਅੜਚਨਾਂ ਦੇ ਕਾਰਨ **ਅਸੀਂ ਉਨ੍ਹਾਂ ਦਾ ਇਸਤੇਮਾਲ ਆਪਣੇ ਦੇਸ਼ ਵਿਚ ਹਮੇਸ਼ਾ ਨਹੀਂ ਕਰ ਸਕਦੇ !**

ਮੈਨੂਫ਼ੈਕਚਰਿੰਗ ਅਤੇ ਸਰਵਿਸ, ਦੋਨਾਂ ਹੀ ਸੈਕਟਰਾਂ ਵਿਚ, ਕੁਝ ਇਕ ਸਭ ਤੋਂ ਵੱਡੇ ਸੰਗਠਨਾਂ ਨੂੰ ਭਾਰਤੀ ਲੋਕੀਂ ਚਲਾ ਰਹੇ ਹਨ । ਕਈ ਦੇਸ਼ਾਂ ਲਈ ਭਾਰਤੀ ਲੋਕੀਂ ਸਲਾਹਕਾਰ ਵੀ ਨਿਯੁਕਤ ਹਨ । **ਜਿਸਦੇ ਕੋਲ ਵੀ ਸ਼ਾਸਨ ਅਤੇ ਪ੍ਰਸ਼ਾਸਨ ਦੀ ਸਭ ਤੋਂ ਚੰਗੀ ਅਤੇ ਅਸਰਦਾਰ ਟੀਮ ਹੋਵੇਗੀ, ਆਖ਼ਰ ਜੀਤ ਉਸੇ ਦੀ ਹੋਵੇਗੀ ।**

ਅੱਜ ਦੁਨੀਆਂਭਰ ਵਿਚ ਸਾਰੇ ਚੰਗੇ ਰਾਜਨੇਤਾ ਪਹਿਲਾਂ ਅਰਥਸ਼ਾਸਤ੍ਰ ਦੀ ਹੀ ਗੱਲ ਕਰਨਗੇ । **ਚੰਗੇ ਰਾਜਨੇਤਾ ਅਤੇ ਲੀਡਰ ''ਕੁਝ ਕਰਦੇ ਹੋਏ ਚਲਦੇ ਹਨ ।''**

**ਭਾਰਤ ਨੂੰ ਵਿਸ਼ਵ ਬਾਜ਼ਾਰ ਦਾ ਮੁਕਾਬਲਾ ਕਰਨਾ ਹੈ ।** ਵਿਸ਼ਵ ਵਪਾਰ ਵਿਚ ਸਾਡੀ ਭਾਗੀਦਾਰੀ ਸਿਰਫ਼ ੦.੮% ਹੈ, ਜਦਕਿ ਸਾਡੀ ਆਬਾਦੀ ੧੭% ਹੈ । ਭਾਰਤ ਦਾ ਜੀਡੀਪੀ (Gross domestic production) ਵਿਸ਼ਵ ਜੀਡੀਪੀ ਦਾ ਸਿਰਫ਼ ੧.੮% ਹੈ । **ਭਾਰਤ ਵਿਚ ਮੰਗ ਬਹੁਤ ਹੈ, ਪਰ ਖ਼ਰੀਦਣ ਦੀ ਤਾਕਤ ਘੱਟ ਹੈ ।** ਕਿਉਂਕਿ ਏਥੇ ਰੋਜ਼ਾਨਾ ਪ੍ਰਤੀ ਬੰਦਾ ਆਮਦਨ ਸਿਰਫ਼ ੧.੯੨ ਅਮਰੀਕੀ ਡਾਲਰ ਹੈ । *ਵਿਸ਼ਵ ਬੈਂਕ ਵਲੋਂ ਗ਼ਰੀਬੀ ਰੇਖਾ ਦੀ ਵਿਆਖਿਆ* ਪਹਿਲਾਂ **੧ ਅਮਰੀਕੀ ਡਾਲਰ** ਪ੍ਰਤੀ ਬੰਦਾ ਰੋਜ਼ਾਨਾ ਸੀ, ਪਰ ਬਾਅਦ ਵਿਚ ਇਹ **੨ ਅਮਰੀਕੀ ਡਾਲਰ** ਰੋਜ਼ਾਨਾ ਕੀਤੀ ਗਈ ।

*ਭਾਰਤ ਨੂੰ ਆਪਣਾ ਵਜੂਦ ਕਾਇਮ ਰੱਖਣ ਅਤੇ ਰੋਜ਼ਗਾਰ ਪੈਦਾ ਕਰਨ ਲਈ* ਏਸ਼ੀਆ, ਲੈਟਿਨ ਅਮਰੀਕਾ, ਮਿਡਲ ਈਸਟ, ਈਸਟਰਨ ਯੂਰੋਪਦੇ ਮੁਕਾਬਲੇ ਵਾਲੇ ਦੇਸ਼ਾਂ ਦੇ ਅਨੁਸਾਰ **ਕਰਮਚਾਰੀ ਕਾਨੂੰਨ** *ਬਣਾਣ ਦੀ ਲੋੜ ਹੈ ।*

### ੪. ਭਾਰਤੀ ਸਮੱਸਿਆਵਾਂ ਦੇ ਕਾਰਨ

**ਕਈ ਵਾਰੀ ਕੁਝ ਇਕ ਕਰਮਚਾਰੀਆਂ ਦੇ ਹਿਤ ਲਈ ਕਿਸੇ ਸੰਗਠਨ ਯਾ ਦੇਸ਼ ਨੂੰ ਕੀਮਤ ਚੁਕਾਣੀ ਪੈਂਦੀ ਹੈ !** ਭਾਰਤੀ ਸੰਵਿਧਾਨ ਦੇ ਆਰਟੀਕਲ ੩੧੧ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਦੇ ਕਰਮਚਾਰੀਆਂ ਦੇ ਹਿਤ ਸਲਾਮਤ ਰੱਖਣ ਦੀ ਵਿਵਸਥਾ ਹੈ ।

ਇਹ ਵਿਵਸਥਾ ਉਚਿਤ ਢੰਗ ਨਾਲ ਸੁਧਾਰਣੀ ਜ਼ਰੂਰੀ ਹੈ, ਕਿਉਂਕਿ ਅੱਜ ਦੇ ਸਮੇਂ ਅਨੁਸਾਰ ਇਹ ਮੁਨਾਸਬ ਨਹੀਂ ਰਹੀ, ਇਹ ਸਿਰਫ਼ ੧.੭% (੧.੮ ਕਰੋੜ ਲੋਕਾਂ) ਭਾਰਤੀਆਂ ਦੇ ਹਿਤ ਸਲਾਮਤੀ ਲਈ ਹੈ ਜੋਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਨੌਕਰੀਆਂ ਵਿਚ ਹਨ ਅਤੇ ਅਪ੍ਰਤੱਖ ਤੌਰ ਨਾਲ ਸੰਗਠਿਤ

ਨਿਜੀ ਸੈਕਟਰ ਦੇ ਕਰਮਚਾਰੀਆਂ (੯੦ ਲੱਖ ਲੋਕੀਂ) ਲਈ, ਜੋਭਾਰਤ ਦੀ ਆਬਾਦੀ ਦਾ ਕੁਲ ੨.੬% (੨.੭ ਕਰੋੜ) ਹਨ।

***ਕੰਮ ਕਰੋਚਾਹੇ ਨਾ ਕਰੋਨੌਕਰੀ ਸਲਾਮਤ ਰਹੇਗੀ।***

ਕਈ ਵਾਰੀ ਇਨ੍ਹਾਂ ਕਰਮਚਾਰੀਆਂ ਦੇ ਰੋਜ਼ਗਾਰ ਸਾਰੀ ਉਮਰ ਲਈ ਸਲਾਮਤ ਰਹਿੰਦੇ ਹਨ, ਹਰ ਹਾਲ ਵਿਚ...

੧. ਉਹ ਕੰਮ ਕਰਨ ਯਾ ਨਾ ਕਰਨ

੨. ਈਮਾਨਦਾਰ ਹੋਣ, ਯਾ ਬੇਈਮਾਨ ਯਾ ਰਿਸ਼ਵਤ ਲੈਂਦੇ ਹੋਏ ਫੜੇ ਜਾਣ

੩. ਹਾਜ਼ਰੀ ਭਰਨ ਦੇ ਬਾਵਜੂਦ ਗ਼ੈਰਹਾਜ਼ਰ ਰਹਿਣ

੪. ਕੁਸ਼ਲ ਹੋਣ ਯਾ ਅਕੁਸ਼ਲ

੫. ਚਾਹੇ ਆਪਣਾ ਕੰਮ ਕਿਸੇ ਹੋਰ ਤੋਂ ਕਰਾਣ

੬. ਚਾਹੇ ਜਨਤਾ ਦੀ ਪ੍ਰਾਪਟੀ ਜਾਣਬੁਝ ਕੇ ਬਰਬਾਦ ਕਰਨ

੭. ਸਾਲਾਂ ਤੋਂ ਹਰ ਸਾਲ ਪੂਰੇ ੧੫ ਦਿਨ/ਸਾਲ ਦੀ ਬਿਮਾਰੀ ਦੀ ਛੁੱਟੀ ਲੈਂਦੇ ਹੋਣ ! ਭਾਵੇਂ ਹਰ ਸਾਲ ਪੂਰਾ ਮਹੀਨਾ ੧੫ ਦਿਨ ਬਿਮਾਰ ਰਹਿਣਾ ਮੁਮਕਿਨ ਹੀ ਨਹੀਂ ! (ਹਰ ਸਾਲ ੧੫ ਦਿਨ ਬਿਮਾਰੀ ਦੀ ਛੁੱਟੀ ਦਾ ਅੰਦਾਜ਼ਾ ਲੈਕੇ)

੮. ਚਾਹੇ ਆਪਣੇ ਸੰਗਠਨ ਵਿਚ ਉਤਪਾਦਕਤਾ ਵਧਾਣ ਵਾਲੀ ਨਵੀਂ ਟ੍ਰੇਨਿੰਗ, ਨਵੀਂ ਜ਼ਿੰਮੇਦਾਰੀ ਲੈਣ ਯਾ ਸੁਧਾਰ ਕਾਰਜਾਂ ਦਾ ਵਿਰੋਧ ਕਰਨ।

੯. ਚਾਹੇ ਪ੍ਰਬੰਧਕਾਂ ਉੱਤੇ ਦਬਾਅ ਪਾਣ ਲਈ ਕੰਮ ਰੋਕਣ ਵਾਲੇ, ਪਬਲਿਕ ਪ੍ਰਾਪਟੀ ਨੂੰ ਤਹਿਸ-ਨਹਿਸ ਕਰਣ ਵਾਲੇ ਹੋਣ।

ਜਿੱਥੇ ਕਿਸੇ ਖ਼ਾਸ ਵਰਗ ਦੇ ਲੋਕਾਂ ਲਈ ਐਸੀ ਸਲਾਮਤੀ ਵਿਵਸਥਾ ਹੋਵੇ, ਉਹ ਦੇਸ਼ ਕਦੇ ਵੀ ਪੂਰੀ ਸਮਰੱਥਾ ਨਾਲ ਨਹੀਂ ਚਲ ਸਕਦਾ। **ਭਾਰਤ ਦੀ ਇਹ ੧.੭% ਆਬਾਦੀ ਵੋਟ ਬੈਂਕ ਵੀ ਤਾਂ ਨਹੀਂ ਹੈ !**

ਕੇਂਦਰੀ ਮੰਤਰੀ, ਐਮਪੀ, ਐਮਐਲਏ, ਮਿਊਨਿਸਿਪਲ ਕਾਉਂਸਲਰ ਜਨਤਾ ਦੀ ਇੱਛਾ ਅਨੁਸਾਰ ਪੰਜ ਸਾਲ ਬਾਅਦ ਯਾ ਪਹਿਲਾਂ ਵੀ ਬਦਲੇ ਜਾ ਸਕਦੇ ਹਨ।

*ਮੌਜੂਦਾ ਸਿਸਟਮ ਦੇ ਤਹਿਤ ਕੇਂਦਰ ਅਤੇ ਰਾਜ ਸਰਕਾਰਾਂ ਅਤੇ ਉਨ੍ਹਾਂ ਦੇ ਉਦਮਾਂ ਦੇ ਕਰਮਚਾਰੀਆਂ ਨੂੰ ਜੀਵਨ ਭਰ ਰੋਜ਼ਗਾਰ ਦਾ ਲਾਭ ਮਿਲਦਾ ਹੈ, ਚਾਹੇ ਉਹ ਕੰਮ ਕਰਨ ਯਾ ਨਾ ਕਰਨ !*

## ੫. ਭਾਰਤ ਲਈ ਕਾਰਵਾਈ ਪਲਾਨ

***ਭਾਰਤੀ ਜਨਤਾ ਨੂੰ ਭ੍ਰਿਸ਼ਟਾਚਾਰ ਤੋਂ ਬਚਾਣ ਲਈ ਦੇਸ਼ ਵਿਚ ''ਕਰਮਚਾਰੀ ਨੀਤੀ'' ਬਣਾਣ ਦੀ ਲੋੜ ਹੈ।***

**ਰੋਜ਼ਗਾਰ ਸਲਾਮਤੀ ਜ਼ਰੂਰੀ ਹੈ,** ਪਰ *ਐਸੇ ਕਰਮਚਾਰੀਆਂ ਲਈ ਨਹੀਂ ਜੋਮਿਹਨਤ ਅਤੇ ਲਗਨ ਨਾਲ ਕੰਮ ਕਰਨ ਵਿਚ ਭਰੋਸਾ ਨਹੀਂ ਰੱਖਦੇ ਅਤੇ ਇਸ ਨਿਸ਼ਠਾ ਦਾ ਅਮਲ ਨਹੀਂ ਕਰਦੇ।* ਖ਼ਾਸਕਰ ਜਦੋਂ ਰੋਜ਼ਗਾਰ ਆਫ਼ਿਸਾਂ ਵਿਚ ੪ ਤੋਂ ੪.੫ ਕਰੋੜ ਬੇਰੋਜ਼ਗਾਰਾਂ ਦੇ ਨਾਂ ਦਰਜ ਹੋਣ। ਭਾਰਤ ਵਿਚ ਕੁਲ ਸਮਰਥਾਵਾਨ ਬੇਰੋਜ਼ਗਾਰਾਂ ਦੀ ਗਿਣਤੀ ਇਸਤੋਂ ੨ ਤੋਂ ੬ ਗੁਣਾਂ ਵੱਧ ਹੋਵੇਗੀ (ਸਾਡੇ ਅੰਦਾਜ਼ੇ ਅਨੁਸਾਰ)।

ਇਸ ਵਿਚ **'C2C'** ਯਾ **CEO** ਯਾ ਚੇਅਰਮੈਨ ਤੋਂ ਲੈਕੇ **ਕੁਲੀ** ਤਕ ਸ਼ਾਮਲ ਹਨ। **ਲੇਬਰ ਲਾ** ੧੯ਵੀਂ ਸਦੀ ਦਾ ਹੈ, ਹੁਣ ਇਸਨੂੰ **ਐਂਪਲਾਈ ਲਾ** ਕਹਿਣਾ ਚਾਹੀਦਾ ਹੈ। ਭਾਰਤੀ ਜਨਤਾ ਅਤੇ ਲੀਡਰਾਂ ਨੂੰ ਮੀਡੀਆ ਅਤੇ ਪਾਰਲੀਆਮੈਂਟ ਵਿਚ ਬਹਿਸ ਦੇ ਜ਼ਰੀਏ ਤੈ ਕਰਨਾ ਚਾਹੀਦਾ ਹੈ ਕਿ ਇਸ ਬਾਰੇ ਵਿਚ ਢੁਕਵਾਂ ਕਦਮ ਕੀ ਹੋਸਕਦਾ ਹੈ।

*ਅਸੀਂ ਕਾਟ-ਛਾਂਟ ਬਾਰੇ ਕਿਸੇ ਰਾਸ਼ਟਰੀ ਨੀਤੀ ਦੀ ਵਕਾਲਤ ਨਹੀਂ ਕਰ ਰਹੇ। ਸਗੋਂ ਹਰ ਸੰਗਠਨ ਨੂੰ ਇਹ ਫ਼ੈਸਲਾ ਕਰਨ ਦਾ ਹੱਕ ਮਿਲਣਾ ਚਾਹੀਦਾ ਹੈ ਕਿ ਆਪਣਾ ਆਕਾਰ ਛੋਟਾ ਕਰਨ, ਕਾਟ-ਛਾਂਟ ਕਰਨ ਅਤੇ ਇਨਸਾਨੀ ਤਾਕਤ ਘਟਾਣ ਯਾ* ***ਵਧਾਣ*** *ਵਿਚੋਂ ਕਿਹੜੀ ਚੀਜ਼ ਉਨ੍ਹਾਂ ਨੂੰ ਲੋੜ ਹੈ।* ***ਸਿਰਫ਼ ਸਿਹਤਮੰਦ ਸੰਗਠਨ ਹੀ ਨਵੇਂ ਰੋਜ਼ਗਾਰ ਪੈਦਾ ਕਰ ਸਕਦੇ ਹਨ।***

*ਸੰਗਠਨਾਂ ਨੂੰ ਕਰਮਚਾਰੀ ਬਦਲਣ ਦੀ ਮਨਜ਼ੂਰੀ ਹੋਣੀ ਚਾਹੀਦੀ ਹੈ, ਜੇ ਉਹ ਪੈਰਾਗ੍ਰਾਫ਼ ਨੰ. ੪ ਵਿਚ ਦਸੇ ਕਾਰਜ ਖੇਤਰਾਂ ਵਿਚ ਆਂਦੇ ਹੋਣ। ਖ਼ਾਸਕਰ ਨੰ. # ੪ (੨), (੩), (੫), (੬) ਅਤੇ (੭)।*

***ਫ਼ੈਸਲਾ ਤੁਸੀਂ ਕਰੋ।*** **ਇਹ ਇਕ-ਸੂਤਰੀ ਕਾਰਜ ਪਲਾਨ ਭਾਰਤ ਦੀ ੧੧੦ ਕਰੋੜ ਦੀ ਆਬਾਦੀ ਦੀਆਂ ਛੁਪੀਆਂ ਸ਼ਕਤੀਆਂ ਦੁਨੀਆਂ ਦੇ ਸਾਮ੍ਹਣੇ ਲਿਆਏਗਾ।**

ਉਪਰੋਕਤ ਹਾਲਤਾਂ ਵਿਚ ਸਾਡਾ ਦੇਸ਼ ਕਾਮਯਾਬੀ ਵਲ ਕਿਵੇਂ ਵੱਧੇਗਾ ਅਤੇ ਸਾਨੂੰ **ਚੰਗੀ ਸਰਕਾਰੀ ਵਿਵਸਥਾ ਅਤੇ ਅਸਰਦਾਰ ਪ੍ਰਸ਼ਾਸਨ** ਕਿਵੇਂ ਮਿਲੇਗਾ? ਸਭ ਤੋਂ ਪਹਿਲਾਂ ਸਾਨੂੰ ''**ਅਵਰ ਹਾਉਸ ਇਨ ਔਰਡਰ (ਆਪਣੀ ਵਿਵਸਥਾ ਸੁਧਾਰੋ)**'' ਨੂੰ ਪੂਰੇ ਅਮਲ ਵਿਚ ਲਿਆਣਾ ਹੈ, ਜਿਵੇਂ ਕਿ ਸਾਡੀ ਪੁਸਤਕ **ਟ੍ਰਾਂਸਫ਼ਾਰਮਿੰਗ ਇੰਡੀਆ*** ਦੇ ਪੰਨਾ ਨੰ. ੪੮ ਉੱਤੇ ਐਕਸ਼ਨ ਪਲਾਨਸ ਵਿਚ ਦਸਿਆ ਹੈ। ਬਾਕੀ ਸਭ ਆਪੇ ਠੀਕ ਹੋਜਾਏਗਾ।

ਜ਼ਿਆਦਾ ਜਾਣਕਾਰੀ ਤੁਹਾਨੂੰ ਸਾਡੇ ਵੈਬਸਾਈਟ www.wakeupcall.org ਉੱਤੇ ਮਿਲੇਗਾ। '**ਭਾਰਤ ਲਈ ਕਾਰਵਾਈ ਪਲਾਨ**' (ਇਸ ਭਾਰਤ ਨੂੰ ਸ਼ਾਇਦ ਤੁਸੀਂ ਨਹੀ ਜਾਣਦੇ) ਦੀ ਕਾਪੀ ਤੁਹਾਨੂੰ ਇੰਗਲਿਸ਼, ਹਿੰਦੀ, ਗੁਜਰਾਤੀ, ਮਰਾਠੀ, ਬੰਗਾਲੀ, ਆਸਾਮੀ, ਓਰੀਆ, ਤਮਿਲ, ਤੇਲੁਗੁ, ਕਨਾਡਾ, ਪੰਜਾਬੀ, ਉਰਦੂ ਅਤੇ ਮਲਯਾਲਮ ਵਿਚ ਮਿਲੇਗੀ।

੪੮ ਪੇਜ ਵਾਲੀ '**ਟ੍ਰਾਂਸਫ਼ਾਰਮਿੰਗ ਇੰਡੀਆ**' ਬੁਕਲੈਟ ਦਾ ਸੈਂਪਲ ਤੁਸੀਂ ਸਾਡੀ ਵੈਬਸਾਈਟ ਤੋਂ ਡਾਊਨਲੋਡ ਵੀ ਕਰ ਸਕਦੇ ਹੋ, ਜੋਇੰਗਲਿਸ਼, ਹਿੰਦੀ, ਗੁਜਰਾਤੀ, ਮਰਾਠੀ, ਬੰਗਾਲੀ, ਆਸਾਮੀ, ਓਰੀਆ, ਤਮਿਲ, ਤੇਲੁਗੁ, ਕਨਾਡਾ, ਪੰਜਾਬੀ, ਉਰਦੂ ਅਤੇ ਮਲਯਾਲਮ ਵਿਚ ਮਿਲੇਗੀ।


# *i Watch*

Edited, Published and Printed for *i Watch* by Krishan Khanna. He is from IIT, Kharagpur. Between 1961 to 1992 he was responsible for 14 joint ventures and business partnerships with 14 different countries around the World. In 1993 he took 'Sanyas' from business for **Nation Building** and **Transforming INDIA**.

Krishan Khanna is Chairman - Vocational Education & Training Committee – **EPSI,** Educational Promotion Society of India, New Delhi. Co-Chairman - Committee on Education & Industry Co-operation, - **PHDCC&I,** New Delhi, Member - CII National Committee on Education, New Delhi, Director - Vocational Services, **Rotary International,** Rotary District 3140, Bombay Mid Town, Bombay, Member **Planning Commission** Committee on Secondary Education & Vocational Education, New Delhi, Member 11th Plan Committee of **IGNOU,** New Delhi, Advisor - Vocational Education & Training, Times Foundation, New Delhi, Member **FICCI** National Committee on Education, New Delhi, **ASSOCHAM** National Committee on Education, New Delhi, Member 11th Plan Working Group of the **Ministry of HRD,** New Delhi and Member of the Board of the **AICTE,** New Delhi. The views and opinions expressed are Krishan Khanna's personal views and some points may not be accepted by some or all of the above mentioned organizations. Feedback & comments to *i Watch* 211, Olympus, Altamount Road, Mumbai 400 026. Email krishan@wakeupcall.org Website: www.wakeupcall.org Tel +91 22 2353 5466, Fax +91 22 2353 6782.

*INDIA 1st* is a division of *i Watch*


**ਪਾਠਕਾਂ ਲਈ ਸੰਦੇਸ਼ : ਕਿਰਪਾ ਕਰਕੇ ਇਹ ਸੂਚਨਾ ਆਪਣੇ ਦੋਸਤਾਂ, ਸਾਥੀਆਂ ਅਤੇ ਆਪਣੇ ਨਜ਼ਦੀਕੀ ਲੋਕਲ ਸਕੂਲ ਯਾ ਕਾਲੇਜ ਦੇ ਘੱਟੋ ਘੱਟ ਇਕ ਟੀਚਰ ਨੂੰ ਜ਼ਰੂਰ ਦਿਓ।**

Organizations which have supported us in the past

TIMES FOUNDATION · EPSI · VOTE INDIA · IndianNGOs.com · hudco · IDFC · WORLD COUNCIL FOR CORPORATE GOVERNANCE · CMS · HDFC · TATA · shaadi.com · Rotary International